R.N.I. No.: PUNENG/2014/59759 ISSN: 2348-9936

# ਗੁਰੂ ਤੇਗ਼ ਬਹਾਦਰ ਜੀ ਦੀ ਦਾਰਸ਼ਨਿਕ ਵਿਚਾਰਧਾਰਾ

ਡਾ. ਅਮਨਪ੍ਰੀਤ ਸਿੰਘ*

**ਸਾਰ**

ਗੁਰੂ ਤੇਗ਼ ਬਹਾਦਰ ਜੀ ਮਹਾਨ ਬਾਣੀਕਾਰ, ਵੈਰਾਗ ਮੂਰਤ, ਧਰਮ ਰੱਖਿਅਕ ਅਤੇ ਹਿੰਦ ਦੀ ਚਾਦਰ ਵਜੋਂ ਜਾਣੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਆਪ ਦੇ 59 ਪਦੇ ਅਤੇ 57 ਸਲੋਕ ਦਰਜ ਹਨ। ਆਪ ਦੀ ਬਾਣੀ ਸਿੱਖ ਧਰਮ ਦੀ ਦਾਰਸ਼ਨਿਕ ਵਿਚਾਰਧਾਰਾ ਨੂੰ ਦਰਸਾਉਂਦੀ ਹੋਈ ਮਨ, ਬਾਵਰੇ ਮਨੁੱਖ ਅਤੇ ਭੁੱਲੇ ਭਟਕੇ ਰਾਹੀ ਨੂੰ ਸੰਸਾਰ ਦੀ ਨਾਸ਼ਮਾਨਤਾ, ਥੁੜ-ਚਿਰਤਾ ਦਰਸਾ ਕੇ, ਮਾਇਅਕ ਪਦਾਰਥਾਂ ਤੋਂ ਹੋੜਦੀ ਹੋਈ ਪਰਮ ਸੱਚ ਨਾਲ ਜੋੜਦੀ ਹੈ। ਆਪ ਦੇ ਸਲੋਕਾਂ ਦੀ ਹਰਮਨ ਪਿਆਰਤਾ ਦਾ ਅੰਦਾਜ਼ਾ ਇੱਥੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀ ਸੰਪੂਰਨਤਾ ਵੇਲੇ ਅੰਤ ਵਿੱਚ ਅੱਜ ਵੀ ਪਾਠੀ ਸਿੰਘ ਵੈਰਾਗਮਈ ਸੁਰ ਵਿੱਚ ਲੈਅਬੱਧ ਹੋ ਕੇ ਪਾਠ ਕਰਦੇ ਹਨ। ਆਪ ਦੇ ਸਲੋਕਾਂ ਦੀ ਸਰਲ ਬੋਲੀ/ਸ਼ੈਲੀ ਸਿੱਖ ਦੀ ਜ਼ੁਬਾਨ ’ਤੇ ਰਮੀ ਹੋਈ ਹੈ। ਸਰਲ ਹੋਣ ਦੇ ਬਾਵਜੂਦ ਇਹ ਮਨੁੱਖ ਨੂੰ ਅਟੱਲ ਸਚਾਈ ਦਰਸਾ ਕੇ ਜੀਵਨ ਮਾਰਗ ਦੀ ਸਹੀ ਦਿਸ਼ਾ ਪ੍ਰਦਾਨ ਕਰਦੀ ਹੈ। ਆਪ ਦੀ ਦਾਰਸ਼ਨਿਕ ਵਿਚਾਰਧਾਰਾ ਬ੍ਰਹਮ, ਜਗਤ, ਜੀਵਾਤਮਾ, ਮਾਇਆ ਅਤੇ ਮੁਕਤੀ ਆਦਿ ਸੰਕਲਪਾਂ ਨੂੰ ਖੋਲਦੀ ਹੋਈ ਗੁਰਮਤਿ ਵਿਚਾਰਧਾਰਾ ਦੀ ਪ੍ਰੋੜਤਾ ਕਰਦੀ ਹੈ। ਸੋ, ‘ਗੁਰੂ ਤੇਗ਼ ਬਹਾਦਰ ਜੀ ਦੀ ਦਾਰਸ਼ਨਿਕ ਵਿਚਾਰਧਾਰਾ’ ਪਰਚੇ ਵਿੱਚ ਵਿਸ਼ੇਸ਼ ਤੌਰ ’ਤੇ ਗੁਰੂ ਸਾਹਿਬ ਦੇ ਸਲੋਕਾਂ ਨੂੰ ਧਿਆਨ ਵਿੱਚ ਰੱਖਦਿਆਂ, ਵਿਸ਼ਲੇਸ਼ਣਾਤਮਿਕ ਵਿਧੀ ਰਾਹੀਂ ਸਮਝਣ ਸਮਝਾਉਣ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਕਿ ਸਮਕਾਲੀ ਪਦਾਰਥਵਾਦੀ ਭੱਜ-ਦੌੜ ਦੇ ਯੁੱਗ ਵਿੱਚ ਮਨ ਨੂੰ ਪਰਮਾਤਮਾ ਨਾਲ ਜੋੜ ਕੇ ਸਦੀਵੀ ਸ਼ਾਂਤੀ/ਸੁੱਖ ਪ੍ਰਦਾਨ ਕੀਤਾ ਜਾ ਸਕੇ।

**ਕੁੰਜੀਵੱਤ ਸ਼ਬਦ:** ਦਾਰਸ਼ਨਿਕ ਵਿਚਾਰਧਾਰਾ, ਖਟ ਦਰਸ਼ਨ ਦੇ ਛੇ ਸਕੂਲਾਂ, ਵਿਚਾਰਧਾਰਵਾਂ ਪ੍ਰਚੱਲਿਤ

ਸਿੱਖਾਂ ਦੇ ਨੌਵੇਂ ਨਾਨਕ ਸ੍ਰੀ ਗੁਰੂ ਤੇਗ਼ ਬਹਾਦਰ ਜੀ ਇੱਕ ਵੈਰਾਗ ਮੂਰਤ, ਹਿੰਦ ਦੀ ਚਾਦਰ, ਧਰਮ ਰੱਖਿਅਕ, ਅਮਨ-ਸ਼ਾਂਤੀ ਦੇ ਉਪਾਸ਼ਕ ਅਤੇ ਮਹਾਨ ਬਾਣੀਕਾਰ ਦੇ ਤੌਰ ’ਤੇ ਸਨਮਾਨੇ ਜਾਂਦੇ ਹਨ। ਆਪ ਦਾ ਜਨਮ 1 ਅਪ੍ਰੈਲ 1621 ਈ. ਨੂੰ ਅੰਮ੍ਰਿਤਸਰ ਵਿਖੇ ਮਾਤਾ ਨਾਨਕੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਗ੍ਰਹਿ ‘ਗੁਰੂ ਕੇ ਮਹਿਲ’ ਵਿਖੇ ਹੋਇਆ।[1] ਆਪ ਔਰੰਗਜ਼ੇਬ ਦੇ ਇਸਲਾਮੀ ਕੱਟੜ ਰਾਜ ਦੇ ਜ਼ਬਰ-ਜ਼ੁਲਮ ਨੂੰ ਠੱਲ ਪਾਉਣ ਲਈ ਕਸ਼ਮੀਰੀ ਪੰਡਤਾਂ ਦੀ ਫ਼ਰਿਆਦ ਤੇ ਦਿੱਲੀ ਗ੍ਰਿਫ਼ਤਾਰੀ ਦੇਣ ਲਈ ਚੱਲ ਪਏ। 11 ਨਵੰਬਰ 1675 ਈ. ਨੂੰ ਚਾਂਦਨੀ ਚੌਂਕ, ਦਿੱਲੀ ਵਿਖੇ ਆਪ ਦਾ ਸੀਸ ਧੜ ਤੋਂ ਅਲੱਗ ਕਰਕੇ ਆਪ ਨੂੰ ਸ਼ਹੀਦ ਕਰ ਦਿੱਤਾ। ਤਿਲਕ ਜੰਞੂ ਅਤੇ ਹਿੰਦੂ ਧਰਮ ਦੇ ਰੱਖਿਅਕ ਵਜੋਂ ਆਪ ਦੀ ਮਹਾਨ ਸ਼ਹਾਦਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿੱਚ ਬਿਆਨ ਕੀਤਾ ਹੈ:

> ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
> ਸਾਧਨ ਹੇਤਿ ਇਤਿ ਜਿਨਿ ਕਰੀ॥ ਸੀਸ ਦੀਆ ਪਰ ਸੀ ਨ ਉਚਰੀ॥
> ਧਰਮ ਹੇਤ ਸਾਕਾ ਜਿਨਿ ਕੀਆ॥ ਸੀਸ ਦੀਆ ਪਰ ਸਿਰਰੁ ਨ ਦੀਆ॥[2]

ਗੁਰੂ ਤੇਗ਼ ਬਹਾਦਰ ਜੀ ਉੱਚ ਕੋਟੀ ਦੇ ਸਾਹਿਤਕਾਰ/ਬਾਣੀਕਾਰ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਵਾਈ। ਆਪ ਨੇ 16 ਰਾਗਾਂ ਵਿੱਚ ਬਾਣੀ ਰਚੀ ਹੈ। ਜਿਨ੍ਹਾਂ ਵਿੱਚ 59 ਪਦੇ ਅਤੇ 57 ਸਲੋਕ ਸ਼ਾਮਿਲ ਹਨ। ਆਪ ਨੇ ਸੰਸਾਰਕ ਨਾਸ਼ਮਾਨਤਾ, ਵੈਰਾਗ, ਭਗਤੀ ਸਾਧਨਾ, ਸੰਸਾਰਿਕ ਰਿਸ਼ਤਿਆਂ ਦੀ ਨਾਸ਼ਮਾਨਤਾ, ਜਗਤ, ਮੁਕਤੀ, ਸਦਾਚਾਰਕ ਜੀਵਨ ਆਦਿ ਵਿਸ਼ਿਆਂ ’ਤੇ ਵਿਚਾਰ ਕੀਤੀ ਹੈ। ਹੱਥਲੇ ਪਰਚੇ ਦੀ ਸੀਮਾ ਨੂੰ ਧਿਆਨ ਵਿੱਚ ਰੱਖਦਿਆਂ ਗੁਰੂ ਤੇਗ਼ ਬਹਾਦਰ ਜੀ ਦੇ ਸਲੋਕਾਂ ਵਿੱਚ ਪੇਸ਼ ਦਾਰਸ਼ਨਿਕ ਵਿਚਾਰਧਾਰਾ ਨੂੰ ਵਿਸ਼ਲੇਸ਼ਣਾਤਮਿਕ ਵਿਧੀ ਰਾਹੀਂ ਸਮਝਣ/ਸਮਝਾਉਣ ਤੱਕ ਸੀਮਤ ਹੈ।

## ਗੁਰੂ ਤੇਗ਼ ਬਹਾਦਰ ਜੀ ਦੀ ਦਾਰਸ਼ਨਿਕ ਵਿਚਾਰਧਾਰਾ

ਭਾਰਤੀ ਦਰਸ਼ਨ ਵਿੱਚ ਦੋ ਤਰ੍ਹਾਂ ਦੀਆਂ ਵਿਚਾਰਧਾਰਵਾਂ ਪ੍ਰਚੱਲਿਤ ਸਨ: ਅਨਈਸ਼ਵਰਵਾਦੀ/ਨਾਸਤਕ ਅਤੇ ਈਸ਼ਵਰਵਾਦੀ/ਆਸਤਕ। ਨਾਸਤਕ ਮਤ ਰੱਬ ਦੀ ਹੋਂਦ ’ਤੇ ਯਕੀਨ ਨਹੀਂ ਰੱਖਦਾ; ਇਸ ਵਿੱਚ ਚਾਰਵਾਕ, ਬੁੱਧ ਮਤ ਅਤੇ ਜੈਨ ਮਤ ਆਦਿ ਵਿਚਾਰੇ ਜਾ ਸਕਦੇ ਹਨ; ਇਹ ਵੇਦਾਂ ਅਤੇ ਵੈਦਿਕ ਕਰਮਕਾਂਡਾਂ ਦੇ ਪ੍ਰਤੀਕਰਮ ਦੀ ਦੇਣ ਸਨ। ਦੂਜੇ ਪਾਸੇ ਵੈਦਿਕ ਪਰੰਪਰਾ, ਹਿੰਦੂ ਮੱਤ, ਸਿੱਖ ਧਰਮ ਨਿਰੋਲ ਆਸਤਕ ਮੱਤ ਹਨ। ਭਾਰਤੀ ਦਾਰਸ਼ਨਿਕ ਵਿਚਾਰਧਾਰਾ ਉੱਤੇ ਖਟ ਦਰਸ਼ਨ ਦੇ ਛੇ ਸਕੂਲਾਂ ਦਾ ਪ੍ਰਭਾਵ ਕਾਇਮ ਰਿਹਾ ਹੈ; ਜਿਨ੍ਹਾਂ ਵਿਚੋਂ ਸਾਂਖ (ਕਪਿਲ ਮੁਨੀ), ਯੋਗ (ਪਤੰਜਲੀ), ਕਨਾਦ ਦਾ ਵਸ਼ੈਸ਼ਿਕ, ਗੋਤਮ ਰਿਸ਼ੀ ਦਾ ਨਿਆਇ, ਜੈਮਿਨੀ ਦਾ ਮੀਮਾਂਸਾ ਅਤੇ ਬਾਦਰਾਯਣ ਦਾ ਵੇਦਾਂਤ ਦਰਸ਼ਨ ਮਕਬੂਲ ਸਨ। ਇਨ੍ਹਾਂ ਨੇ ਦਾਰਸ਼ਨਿਕ ਸੰਕਲਪਾਂ ਨੂੰ ਆਪਣੇ ਨਜ਼ਰੀਏ ਤੋਂ ਪੇਸ਼ ਕਰਨ ਦਾ ਯਤਨ ਕੀਤਾ ਹੈ।[3]

* ਸਹਾਇਕ ਪ੍ਰੋਫ਼ੈਸਰ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਮਾਤਾ ਗੁਜਰੀ ਕਾਲਜ, ਫ਼ਤਹਿਗੜ੍ਹ ਸਾਹਿਬ।

15ਵੀਂ ਸਦੀ ਦੇ ਅੰਤ ਵਿੱਚ ਗੁਰੂ ਨਾਨਕ ਸਾਹਿਬ ਦੇ ਆਗਮਨ ਨਾਲ ਸਿੱਖ ਵਿਚਾਰਧਾਰਾ ਆਰੰਭ ਹੁੰਦੀ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਭਾਰਤੀ ਦਾਰਸ਼ਨਿਕਤਾ ਨੂੰ ਨਵਾਂ ਖਿਆਲ ਪ੍ਰਦਾਨ ਕੀਤਾ। ਖਟ ਦਰਸ਼ਨ ਪ੍ਰਭਾਵਿਤ ਦਾਰਸ਼ਨਿਕ ਵਿਚਾਰਧਾਰਾ ਵੇਦਾਂਤ, ਉਪਨਿਸ਼ਦ, ਬ੍ਰਹਾਮਣਿਕ ਕਰਮ-ਕਾਂਡ, ਭਰਮ ਭੇਖਾਂ ਦਾ ਅਸਰ ਕਬੂਲਦੀ ਹੈ। ਗੁਰਬਾਣੀ ਨੇ ਇਸ ਤਰ੍ਹਾਂ ਦੀ ਵਿਚਾਰਧਾਰਾ ਨੂੰ ਨਕਾਰਿਆ ਹੈ।[4] ਗੁਰੂ ਤੇਗ਼ ਬਹਾਦਰ ਜੀ ਦੀ ਦਾਰਸ਼ਨਿਕ ਵਿਚਾਰਧਾਰਾ ਇਸ ਪ੍ਰਕਾਰ ਹੈ:

**ਬ੍ਰਹਮ:** ਸੰਸਾਰ ਨੂੰ ਚਲਾਉਣ ਵਾਲੀ ਅਣਦਿਸਦੀ ਸ਼ਕਤੀ/ਹਸਤੀ ਨੂੰ ਜਾਨਣ ਲਈ ਦਾਰਸ਼ਨਿਕਾਂ, ਵਿਦਵਾਨਾਂ, ਧਰਮ ਸ਼ਾਸ਼ਤਰੀਆਂ ਨੇ ਬ੍ਰਹਮ ਰੂਪ ਵਿੱਚ ਵਿਚਾਰਿਆ ਹੈ। ਸਾਂਖ ਨੇ ਵੀ ਈਸ਼ਵਰ ਨੂੰ ਜਗਤ ਕਰਤਾ ਸਵੀਕਾਰ ਨਹੀਂ ਕੀਤਾ। ਇਸ ਅਨੁਸਾਰ ਸ੍ਰਿਸ਼ਟੀ ਰਚਨਾ ਪੁਰਸ਼ ਅਤੇ ਪ੍ਰਕ੍ਰਿਤੀ ਦੇ ਮਿਲਾਪ ਤੋਂ ਹੋਈ ਹੈ।[5] ਸ਼ੰਕਰਾਚਾਰੀਆ ਨੇ 'ਅਦਵੈਤਵਾਦ' ਦਾ ਸਿਧਾਂਤ ਪੇਸ਼ ਕੀਤਾ। ਉਸ ਅਨੁਸਾਰ, "ਬ੍ਰਹਮ ਸਤਯਮ ਮਿਥਿਆ ਜੀਵੋਂ ਬ੍ਰਹਮੈਣ ਨਾਪਰਾਹ।" ਅਰਥਾਤ ਬ੍ਰਹਮ ਸੱਤ ਹੈ ਅਤੇ ਜਗਤ ਮਿੱਥਿਆ ਹੈ। ਸ਼ੰਕਰ ਨੇ ਜੀਵ ਨੂੰ ਬ੍ਰਹਮ ਮੰਨਿਆ ਹੈ ਜੋ ਉਸ ਤੋਂ ਕਿਸੇ ਤਰ੍ਹਾਂ ਭਿੰਨ ਨਹੀਂ ਹੈ।[6] ਇਸ ਤਰ੍ਹਾਂ ਅਦਵੈਤਵਾਦੀ ਵਿਚਾਰਧਾਰਾ ਵਿਚ ਜੀਵ ਅਤੇ ਬ੍ਰਹਮ ਨੂੰ ਇੱਕ ਮੰਨਿਆ ਹੈ। ਇਸ ਦੇ ਨਾਲ ਹੀ ਸ਼ੰਕਰ ਬ੍ਰਹਮ ਦੇ ਨਿਰਗੁਣ-ਸਰਗੁਣ ਸਰੂਪ ਨੂੰ ਵੀ ਮੰਨਦਾ ਹੈ। ਉਸ ਅਨੁਸਾਰ ਜੋ ਬ੍ਰਹਮ ਪਰਮਾਰਥ ਦ੍ਰਿਸ਼ਟੀਕੋਣ ਤੋਂ ਨਿਰਗੁਣ ਹੈ, ਵਿਹਾਰਿਕ ਪੱਧਰ 'ਤੇ ਉਹ ਸਰਗੁਣ ਦਿਖਾਈ ਦਿੰਦਾ ਹੈ। ਇਸ ਤਰ੍ਹਾਂ ਸ਼ੰਕਰ ਨੇ ਬ੍ਰਹਮ ਦੇ ਦੋ ਪੱਧਰ ਮੰਨੇ ਹਨ: ਪਾਰਬ੍ਰਹਮ ਅਤੇ ਅਪਾਰ ਬ੍ਰਹਮ।[7] ਸੋ, ਸ਼ੰਕਰ ਨੇ ਪਾਰਬ੍ਰਹਮ ਅਤੇ ਈਸ਼ਵਰ ਦੇ ਸਰੂਪਾਂ ਨੂੰ ਇਸ ਦੀ ਵਿਹਾਰਿਕਤਾ ਵਿੱਚੋਂ ਤਲਾਸ਼ਣ ਦਾ ਯਤਨ ਕੀਤਾ ਹੈ। ਰਾਮਾਨੁਜ ਨੇ ਸਰਗੁਣ ਬ੍ਰਹਮ ਨੂੰ ਹੀ ਅੰਤਿਮ ਸੱਚਾਈ ਮੰਨਿਆ ਹੈ। ਉਹ ਨਿਰਗੁਣ ਬ੍ਰਹਮ ਦੀ ਨਿਖੇਧੀ ਕਰਦਾ ਹੈ।[8] ਦ੍ਵੈਤਵਾਦੀ ਵਿਚਾਰਧਾਰਾ ਦੇ ਮੋਢੀ ਮਾਧਵਾਚਾਰਿਆ ਨੇ ਸੰਸਾਰ ਵਿੱਚ ਤਿੰਨ ਤੱਤਾਂ ਦਾ ਅਸਤਿਤਵ ਮੰਨਿਆ ਹੈ: ਈਸ਼ਵਰ, ਪ੍ਰਾਕ੍ਰਿਤੀ ਅਤੇ ਜੀਵਾਤਮਾ। ਉਹ ਨਿਰਗੁਣ ਬ੍ਰਹਮ ਦੇ ਵਿਚਾਰ ਦੀ ਨਿਖੇਧੀ ਕਰ ਕੇ ਸਰਗੁਣ ਬ੍ਰਹਮ ਦੀ ਪੁਸ਼ਟੀ ਕਰਦਾ ਹੈ। ਬ੍ਰਹਮ ਦੇ ਅਕਥਨੀਗੁਣਾਂ ਦਾ ਅੰਤਿਮ ਉਦੇਸ਼ ਭਾਵਾਤਮਕ ਗੁਣਾਂ ਵੱਲ ਧਿਆਨ ਦਿਵਾਉਣਾ ਹੈ। ਸਤ ਗਿਆਨ ਅਤੇ ਅਨੰਤ ਬ੍ਰਹਮ ਦੇ ਪੂਰਕ ਹਨ। ਬ੍ਰਹਮ ਵਿੱਚ ਸਵਿਸ਼ੇਸ਼ (ਸਰਗੁਣ) ਅਭੇਦ ਹੈ ਜਿਹੜਾ ਮਾਧਵਾਚਾਰਿਆ ਦਾ ਮੌਲਿਕ ਸਿਧਾਂਤ ਹੈ।[9]

ਗੁਰੂ ਤੇਗ਼ ਬਹਾਦਰ ਜੀ ਨੇ ਬ੍ਰਹਮ ਲਈ ਹਰੀ, ਨਿਰੰਜਨ, ਭਗਵਾਨ, ਰਾਮ, ਰਘੁਨਾਥ ਅਤੇ ਮੁਰਾਰੀ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ।ਉਨ੍ਹਾਂ ਅਨੁਸਾਰ ਬ੍ਰਹਮ ਨਿਰਗੁਣ, ਨਿਰਾਕਾਰ, ਅਰੂਪ, ਤ੍ਰੈਗੁਣਾਤੀਤ (ਰਜੋ, ਤਮੋ ਅਤੇ ਸਤੋ) ਤੋਂ ਪਰੇ ਹੈ। ਗੁਰੂ ਜੀ ਬ੍ਰਹਮ ਨੂੰ ਜਗਤ ਦਾ ਉਤਪਾਦਨ ਅਤੇ ਨਮਿਤ ਕਾਰਨ ਮੰਨਦੇ ਹਨ।[10] ਗੁਰੂ ਸਾਹਿਬ ਦਾ ਬ੍ਰਹਮ ਦਾਤਾ[11], ਪਤਿਤ ਉਧਾਰਣ[12], ਰੱਖਿਅਕ ਅਤੇ ਸੰਵੇਦਨਸ਼ੀਲ ਹੈ, ਜੋ ਰਿਸ਼ਤੇ ਨਾਤਿਆਂ ਦੇ ਸਾਥ ਛੱਡਣ ਪਿੱਛੋਂ ਅੰਤ ਤੱਕ ਸਹਾਈ ਹੋਣ ਵਾਲਾ ਹੈ:

ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ॥
ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ॥[13]

ਬ੍ਰਹਮ ਹੀ ਮਨੁੱਖ ਨੂੰ ਸੁੰਦਰ ਸਰੀਰ, ਧਨ, ਸੰਪਤੀ, ਘਰ ਅਤੇ ਨਗਰ ਪ੍ਰਦਾਨ ਕਰਦਾ ਹੈ। ਮਨੁੱਖ ਨੂੰ ਉਸ ਦੇ ਸ਼ੁਕਰਾਨੇ ਵਿੱਚ ਵਿਚਰਨਾ ਚਾਹੀਦਾ ਹੈ ਅਤੇ ਆਪਣੇ ਮਨ ਨੂੰ ਪਦਾਰਥਵਾਦੀ ਦੌੜ 'ਚੋਂ ਕੱਢ ਕੇ ਬ੍ਰਹਮ ਦੇ ਨਾਮ ਦੀ ਅਰਾਧਨਾ ਕਰਨੀ ਚਾਹੀਦੀ ਹੈ:

ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ॥
ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ॥[14]

ਮਨੁੱਖ ਦਾ ਅੰਤਿਮ ਉਦੇਸ਼ ਮੁਕਤੀ ਪ੍ਰਾਪਤ ਕਰਨਾ ਹੈ। ਇਸ ਲਈ ਬ੍ਰਹਮ ਦੀ ਮਿਹਰ ਪ੍ਰਾਪਤ ਹੋਣਾ ਬਹੁਤ ਜ਼ਰੂਰੀ ਹੈ। ਬ੍ਰਹਮ ਹੀ ਕੇਵਲ ਮੁਕਤੀ ਪ੍ਰਦਾਤਾ ਹੈ, ਉਸ ਦਾ ਸਿਮਰਨ ਕਰਨ ਨਾਲ ਹੀ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ:

ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ॥
ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ॥[15]

ਕਹਿ ਸਕਦੇ ਹਾਂ ਕਿ ਗੁਰੂ ਤੇਗ਼ ਬਹਾਦਰ ਜੀ ਦਾ ਬ੍ਰਹਮ ਜਗਤ/ਜੀਵ ਦਾ ਕਰਤਾ, ਸਰਵ-ਵਿਆਪਕ, ਕਿਰਪਾ ਨਿਧਿ, ਅਨੰਦ ਸਰੂਪ ਵਾਲਾ ਹੈ।

**ਜਗਤ:** ਗੁਰੂ ਤੇਗ਼ ਬਹਾਦਰ ਜੀ ਨੇ ਜਗਤ ਲਈ ਜਗਿ, ਜਗ, ਜਗਤਿ, ਜਗਤੁ, ਸੰਸਾਰ, ਭਵ ਸਾਗਰ, ਭਉਜਲ, ਸ੍ਰਿਸ਼ਟੀ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਸਾਂਖਯ ਦਰਸ਼ਨ ਅਨੁਸਾਰ ਪ੍ਰਕਿਰਤੀ ਹੀ ਜਗਤ ਦਾ ਆਦਿ ਅਤੇ ਮੂਲ ਕਾਰਨ ਹੈ। ਉਪਨਿਸ਼ਦ ਅਤੇ ਗੀਤਾ ਵਿੱਚ ਜਗਤ ਦੀ ਉਤਪਤੀ ਬ੍ਰਹਮ ਤੋਂ ਹੀ ਦਰਸਾਈ ਗਈ ਹੈ। ਰਾਮਾਨੁਜ ਨੇ ਈਸ਼ਵਰ ਦੀ ਵਿਚਿੱਤਰ ਅਤੇ ਅਚਿੰਤਯ ਸ਼ਕਤੀ ਰੂਪੀ ਮਾਇਆ ਨੂੰ ਜਗਤ ਰਚਨਾ ਦਾ ਕਾਰਨ ਮੰਨਿਆ ਹੈ। ਇਨ੍ਹਾਂ ਅਨੁਸਾਰ ਈਸ਼ਵਰ ਜਗਤ ਦੀ ਸਿਰਜਣਾ ਮਾਇਆ ਰੂਪੀ ਤ੍ਰੈਗੁਣਾਂ (ਸਤ,ਰਜ ਅਤੇ ਤਮ) ਰਾਹੀਂ ਹੋਈ ਹੈ।

ਗੁਰਮਤਿ ਅਨੁਸਾਰ ਜਗਤ ਦੀ ਰਚਨਾ ਪਰਮਾਤਮਾ ਆਪ ਕਰਦਾ ਹੈ, ਫਿਰ ਮਾਣਦਾ ਅਤੇ ਵਿਨਾਸ਼ ਵੀ ਕਰਦਾ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਸਜੀਵ ਅਥਵਾ ਚੇਤਨ ਸ਼੍ਰਿਸ਼ਟੀ ਅਰਥਾਤ ਦੇਹਧਾਰੀ ਜੀਵ ਦੀ ਉਤਪਤੀ ਬਾਰੇ ਵਿਚਾਰ ਮਿਲਦਾ ਹੈ ਕਿ ਪੰਜ ਤੱਤਾਂ ਦਾ ਪੁਤਲਾ ਸਰੀਰ ਜਿਸ ਸ੍ਰੋਤ ਤੋਂ ਉਪਜਦਾ ਹੈ ਉਸੇ ਵਿਚ ਲੀਨ ਹੋ ਜਾਂਦਾ ਹੈ:

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨੁ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥[16]

ਗੁਰੂ ਤੇਗ਼ ਬਹਾਦਰ ਜੀ ਜਗਤ ਨੂੰ ਮਿੱਥਿਆ ਹੋਇਆ ਨਾਸ਼ਵਾਨ ਅਤੇ ਅਸਥਿਰ ਬਿਆਨ ਕਰਦੇ ਜਗ ਰਚਨਾ ਨੂੰ ਝੂਠ ਕਹਿੰਦੇ ਹਨ।[17] ਉਹ ਜਗਤ ਰਚਨਾ ਨੂੰ ਰੇਤ ਦੀ ਢੇਰੀ ਅਤੇ ਜਲ ਦੇ ਬੁਲਬੁਲੇ ਨਾਲ ਤੁਲਨਾਉਂਦੇ ਹਨ ਜੋ ਉਪਜਦਾ-ਬਿਨਸਦਾ ਰਹਿੰਦਾ ਹੈ। ਇਸ ਤਰ੍ਹਾਂ ਇਹ ਪ੍ਰਕਿਰਿਆ ਸਦਾ-ਸਥਿਰਤਾ ਕਾਇਮ ਹੈ ਭਾਵ ਜਗਤ ਦੀ ਉਤਪਤੀ-ਪ੍ਰਲੈ-ਉਤਪਤੀ ਦਾ ਦੌਰ ਹਮੇਸ਼ਾ ਚਲਦਾ ਰਹਿੰਦਾ ਹੈ।

ਜੈਸੇ ਜਲ ਤੇ ਬੁਲਬੁਦਾ ਉਪਜੈ ਬਿਨਸੈ ਨੀਤ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥[18]

ਇਸ ਤਰ੍ਹਾਂ ਜਗਤ ਨੂੰ ਬਿਨਸਨਹਾਰ ਭਾਵ ਜਗਤ ਦੀ ਅਸੱਤਤਾ ਨਹੀਂ ਅਸਥਿਰਤਾ ਹੈ। ਸ੍ਰਿਸ਼ਟੀ ਦੋ ਪ੍ਰਕਾਰ ਦੀ ਹੈ- ਜੜ੍ਹ ਅਥਵਾ ਅਚੇਤਨ ਅਤੇ ਸਜੀਵ ਅਥਵਾ ਚੇਤਨ। ਪ੍ਰਕਿਰਤੀ (ਬਨਸਪਤੀ) ਅਤੇ ਜਾਗਤਿਕ (ਦੁਨਿਆਵੀ) ਪਦਾਰਥ ਜੜ੍ਹ ਸ੍ਰਿਸ਼ਟੀ ਦੇ ਅੰਤਰਗਤ ਅਤੇ ਮਾਨਵ ਜੀਵ ਜਾਂ ਪ੍ਰਾਣੀ ਮਾਤਰ ਚੇਤਨ ਸ੍ਰਿਸ਼ਟੀ ਦੇ ਅੰਤਰਗਤ ਆਉਂਦੇ ਹਨ। ਇਸੇ ਨੂੰ ਪ੍ਰਾਕ੍ਰਿਤਕ ਸ੍ਰਿਸ਼ਟੀ ਤੇ ਅੰਤਰਗਤ ਅਤੇ ਮਾਨਵ ਜੀਵ ਜਾਂ ਪ੍ਰਾਣੀ ਮਾਤਰ ਚੇਤਨ ਸ੍ਰਿਸ਼ਟੀ ਦੇ ਅੰਤਰਗਤ ਆਉਂਦੇ ਹਨ। ਇਸੇ ਨੂੰ ਪ੍ਰਾਕ੍ਰਿਤਕ ਸ੍ਰਿਸ਼ਟੀ ਅਤੇ ਜੀਵ ਸ੍ਰਿਸ਼ਟੀ ਦਾ ਨਾਮ ਦਿੱਤਾ ਹੈ।[19] ਗੁਰੂ ਤੇਗ਼ ਬਹਾਦਰ ਜੀ ਨੇ ਦੋਵੇਂ ਪ੍ਰਕਾਰ ਦੀ ਸ੍ਰਿਸ਼ਟੀ ਨੂੰ ਅਸਥਿਰ ਸਵੀਕਾਰ ਕੀਤਾ ਹੈ:

(ੳ) ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥[20]
(ਅ) ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥[21]

ਗੁਰਬਾਣੀ ਵਿੱਚ ਮਨੁੱਖੀ ਸਰੀਰ ਨੂੰ ਗੋਬਿੰਦ ਮਿਲਣ ਦਾ ਸੁਨਹਿਰਾ ਅਵਸਰ ਕਿਹਾ ਹੈ। ਉਸ ਨੇ ਇਸ ਜਨਮ ਵਿੱਚ ਚੰਗੇ ਕਰਮ ਕਰਕੇ ਆਵਾਗਵਣ ਤੋਂ ਛੁਟਕਾਰਾ ਪਾਉਣਾ ਹੈ ਅਤੇ ਪਰਮਾਤਮਾ ਵਿੱਚ ਲੀਨ ਹੋਣਾ ਹੈ। ਮਨੁੱਖ ਜਗਤ ਦੇ ਪਦਾਰਥਾਂ ਨੂੰ ਸੱਚ ਮੰਨ ਨੇ ਉਸ ਵਿੱਚ ਖਚਿੱਤ ਹੋ ਕੇ ਆਪਣਾ ਸਮਾਂ ਅਜਾਈਂ ਗਵਾ ਰਿਹਾ ਹੈ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥[22]

ਇਸੇ ਵਿਚਾਰ ਨੂੰ ਗੁਰੂ ਤੇਗ਼ ਬਹਾਦਰ ਜੀ ਆਪਣੇ ਸਲੋਕਾਂ ਰਾਹੀਂ ਪੇਸ਼ ਕਰਦੇ ਹਨ ਕਿ ਅੱਜ ਵੀ ਕੱਲ੍ਹ ਵਾਂਗ ਬੀਤ ਜਾਵੇਗਾ ਇਸ ਕਰਕੇ ਇਹ ਸਮਾਂ ਗਵਾਉਣਾ ਨਹੀਂ ਚਾਹੀਦਾ ਸਗੋਂ ਪਰਮਾਤਮਾ ਦੀ ਬੰਦਗੀ ਕਰਨੀ ਚਾਹੀਦੀ ਹੈ:

(ੳ) ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ॥[23]
(ਅ) ਕਹੁ ਨਾਨਕ ਬਿਨ ਹਰਿ ਭਜਨ ਬਿਰਥਾ ਜਨਮੁ ਸਿਰਾਨ॥[24]

ਗੁਰੂ ਸਾਹਿਬ ਅਨੁਸਾਰ ਜਗਤ ਰਾਤ ਦੇ ਆਏ ਸੁਪਨੇ ਅਤੇ ਰੇਤ ਦੀ ਕੱਚੀ ਪੁੜ ਦੀ ਤਰ੍ਹਾਂ ਹੈ ਜੋ ਢੇਰੀ ਹੋ ਜਾਣਾ ਹੈ। ਸੋ, ਜਾਗਰਿਤ ਅਥਵਾ ਦੁਨਿਆਵੀ ਸੰਬੰਧ, ਜਗਤ ਦਾ ਵਰਤਾਰਾ, ਵਿਉਹਾਰ ਸਭ ਕੁਝ ਧੋਖਾ ਅਤੇ ਝੂਠਾ/ ਥੁੜ ਚਿਰਾ ਜਿਹਾ ਹੈ। ਜਗਤ ਦੀ ਪ੍ਰੀਤ ਝੂਠੀ ਹੈ। ਅੰਤ ਜਮਾਂ ਦੀ ਮਾਰ ਤੋਂ ਕੋਈ ਨਹੀਂ ਬਚਾਉਂਦਾ, ਸਭ ਸੰਬੰਧੀ ਸਾਥ ਛੱਡ ਦਿੰਦੇ ਹਨ:

ਸੰਗ ਸਖਾ ਸਭਿ ਤਜਿ ਗਏ ਕੋਊ ਨਾ ਨਿਬਹਿਓ ਸਾਥ॥[25]

ਇਸ ਤਰ੍ਹਾਂ ਗੁਰਮਤਿ ਅਨੁਸਾਰ ਗੁਰੂ ਤੇਗ਼ ਬਹਾਦਰ ਜੀ ਨੇ ਜਗਤ ਦੀ ਨਾਸ਼ਵਾਨਤਾ ਨੂੰ ਦਰਸਾ ਕੇ ਪਰਮਾਤਮਾ ਦੀ ਸਰਬਉੱਚਤਾ ਨੂੰ ਬਰਕਰਾਰ ਰੱਖਿਆ ਹੈ।

**ਜੀਵ:** ਅਦ੍ਵੈਤਵਾਦੀ ਸ਼ੰਕਰ ਅਨੁਸਾਰ ਜੀਵ ਅਤੇ ਬ੍ਰਹਮ ਵਿੱਚ ਕੋਈ ਅੰਤਰ ਨਹੀਂ ਹੈ। ਗੁਰਮਤਿ ਕਾਵਿ ਵਿੱਚ ਆਤਮਾ ਨੂੰ ਪਰਮਾਤਮਾ ਦੇ ਅੰਸ਼ ਵਜੋਂ ਸਵੀਕਾਰ ਕੀਤਾ ਗਿਆ ਹੈ। ਜਦੋਂ ਨਿਰਗੁਣ ਬ੍ਰਹਮ ਸਰੀਰ ਵਿੱਚ ਨਿਵਾਸ ਕਰਦਾ ਹੈ ਤਾਂ ਉਸ ਨੂੰ ਜੀਵਾਤਮਾ ਆਖਿਆ ਜਾਂਦਾ ਹੈ।[26] ਗੁਰੂ ਤੇਗ਼ ਬਹਾਦਰ ਜੀ ਜੀਵ ਨੂੰ ਪੰਜ ਤੱਤਾਂ ਤੋਂ ਬਣਿਆ ਸਰੀਰ ਕਹਿੰਦੇ ਹਨ ਜੋ ਅੰਤ ਉਸੇ ਵਿੱਚ ਅਭੇਦ ਹੋ ਜਾਂਦਾ ਹੈ ਜਿਥੋਂ ਉਹ ਆਇਆ ਸੀ:

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤਰੁ ਸੁਜਾਨ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮਹਿ ਜਾਨੁ॥[27]

ਗੁਰੂ ਤੇਗ਼ ਬਹਾਦਰ ਜੀ ਜੀਵ ਨੂੰ ਮੂਰਖ, ਅਜਾਣ, ਅਗਿਆਨੀ ਕਹਿੰਦੇ ਹਨ ਜੋ ਮਾਇਆ ਵਿੱਚ ਖਚਤ ਰਹਿੰਦਾ ਹੈ:

(ੳ) ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ॥[28]
(ਅ) ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧ॥[29]

ਗੁਰੂ ਸਾਹਿਬ ਜੀਵ ਨੂੰ ਬਾਵਰਾ ਕਹਿੰਦੇ ਹਨ ਜੋ ਮਾਇਆਧਾਰੀ ਹੋ ਕੇ ਅੰਤ ਸਮੇਂ ਆਪਣੇ ਮਕਸਦ ਤੋਂ ਡੋਲਦਾ ਪਰਮਾਤਮਾ ਤੋਂ ਦੂਰੀ ਸਥਾਪਿਤ ਕਰ ਲੈਂਦਾ ਹੈ।[30] ਜੀਵ ਪ੍ਰਭੂ ਸਾਹਮਣੇ ਤੁਛ ਹੈ। ਜੋ ਜੀਵਨ ਵਿਚ ਜੀਵ ਚਾਹੁੰਦਾ ਹੈ ਉਹ ਨਹੀਂ ਹੁੰਦਾ ਸਗੋਂ ਪ੍ਰਭੂ ਦੀ ਰਜ਼ਾ ਹੁੰਦੀ ਹੈ ਉਹੀ ਹੋ ਕੇ ਰਹਿੰਦਾ ਹੈ। ਸਾਰੀ ਸ੍ਰਿਸ਼ਟੀ ਉਸ ਦੇ ਹੁਕਮ ਵਿੱਚ ਹੈ। ਗੁਰੂ ਜੀ ਫੁਰਮਾਉਂਦੇ ਹਨ:

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥[31]

ਅਗਰ ਮਨੁੱਖ ਪਰਮਾਤਮਾ ਦੀ ਭਗਤੀ ਕਰਦਾ ਪ੍ਰਭੂ ਦੇ ਭਾਣੇ ਵਿੱਚ ਵਿਚਰੇ ਤਾਂ ਜੀਵ ਬ੍ਰਹਮ ਵਿੱਚ ਲੀਨ ਹੋ ਸਕਦਾ ਹੈ। ਅਭੇਦਤਾ ਨੂੰ ਪ੍ਰਾਪਤ ਕਰ ਕੇ ਮਨੁੱਖ ਬਾਕੀ ਜੀਵਨ ਤੋਂ ਉਚੇਰਾ ਹੋ ਜਾਂਦਾ ਹੈ ਜਿਸ ਨੂੰ ਸੁੱਖ-ਦੁੱਖ, ਲੋਭ, ਮੋਹ ਦਾ ਕੋਈ ਅਭਿਮਾਨ ਨਹੀਂ ਰਹਿੰਦਾ:

ਜੋ ਪ੍ਰਾਨੀ ਨਿਸਦਿਨੁ ਭਜੈ ਰੂਪ ਰਾਮ ਕੇ ਜਾਨ॥
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨ॥[32]

ਕਿਹਾ ਜਾ ਸਕਦਾ ਹੈ ਕਿ ਮਨੁੱਖਾ ਜੀਵਨ ਪਰਮਾਤਮਾ ਨੂੰ ਪਾਉਣ ਦਾ ਹੁੰਦਾ ਹੈ। ਜੀਵ ਬ੍ਰਹਮ ਤੋਂ ਬੰਧਨਾਂ ਕਰ ਕੇ ਦੂਰ ਹੁੰਦਾ ਹੈ ਜੋ ਅਵਿੱਦਿਆ, ਅਗਿਆਨਤਾ ਅਤੇ ਮਾਇਆ ਆਦਿ ਰੂਪਾਂ ਵਿੱਚ

ਮੌਜੂਦ ਹੈ। ਜੀਵ ਨੂੰ ਚਾਹੀਦਾ ਹੈ ਕਿ ਉਹ ਬਾਲ, ਜੁਆਨੀ ਅਤੇ ਬਿਰਧ ਅਵਸਥਾ ਵਿੱਚ ਪਰਮਾਤਮਾ ਦਾ ਨਾਮ ਜਪੇ। ਇਹ ਸਮਾਂ ਅਜਾਈਂ ਗਵਾਉਣਾ ਨਹੀਂ ਚਾਹੀਦਾ। ਜੀਵ ਦੁਨਿਆਵੀਂ ਰਿਸ਼ਤਿਆਂ ਨਾਲ ਸਾਂਝ ਰੱਖਦਾ ਹੈ ਅੰਤ ਇੱਕਲਾ ਰਹਿ ਕੇ ਜਮਾਂ ਦੀ ਮੌਤ ਮਰਦਾ ਹੈ। ਇਸ ਤਰ੍ਹਾਂ ਜੀਵ ਲਈ ਨਾਮ ਸਿਮਰਨ ਜ਼ਰੂਰੀ ਹੈ।

**ਮਾਇਆ:** ਮਾਇਆ ਨੂੰ ਬ੍ਰਹਮ ਅਤੇ ਜੀਵ ਵਿਚਕਾਰਲਾ ਬੰਧਨ ਕਿਹਾ ਜਾ ਸਕਦਾ ਹੈ। ਰਾਮਾਨੁਜ ਮਾਇਆ ਨੂੰ ਈਸ਼ਵਰ ਦੀ ਸ੍ਰਿਸ਼ਟੀ ਰਚਨਾ ਦੀ ਵਿਚਿਤਰ ਅਤੇ ਅਚਿੰਤਯ ਸ਼ਕਤੀ ਕਹਿੰਦਾ ਹੈ। ਸ਼ੰਕਰ ਮਾਇਆ ਨੂੰ ਜੀਵ ਦਾ ਅਵਿਦਿਆ ਸਰੂਪ ਕਹਿੰਦਾ ਹੈ ਕਿਉਂਕਿ ਇਹ ਸ਼ੁੱਧ ਸਤਾ ਵਾਲੇ ਬ੍ਰਹਮ ਵਿੱਚ ਜਗਤ ਦਾ ਭਰਮ ਪੈਦਾ ਕਰਦੀ ਹੈ। ਮਾਇਆ ਨੂੰ ਅਨਾਦੀ ਕਿਹਾ ਹੈ। ਸ਼ੰਕਰ ਮਾਇਆ ਨੂੰ ਤ੍ਰੈ-ਗੁਣਾਂ ਰੂਪ ਵਾਲੀ ਪ੍ਰਕ੍ਰਿਤੀ ਦਾ ਰੂਪ ਮੰਨਦਾ ਹੈ।[33] ਮਾਇਆ ਅਨਿਰਵਚਨੀਅ ਹੈ ਭਾਵ ਜਿਸ ਦਾ ਨਿਰਵਚਨ ਜਾਂ ਲੱਛਣ ਠੀਕ ਢੰਗ ਨਾਲ ਨਾ ਕੀਤਾ ਜਾ ਸਕੇ ਜਿਵੇਂ ਰੱਸੀ ਵਿੱਚੋਂ ਸੱਪ ਦਾ ਭੁਲੇਖਾ ਪੈਣਾ।[34] ਮਾਇਆ ਕਰਕੇ ਹੀ ਮਨੁੱਖ ਆਵਾਗਵਣ ਦੇ ਚੱਕਰਾਂ ਵਿੱਚ ਪਿਆ ਰਹਿੰਦਾ ਹੈ। ਗੁਰੂ ਅਮਰਦਾਸ ਜੀ ਨੇ ਮਾਇਆ ਨੂੰ ਅਜੇਹੇ ਰੂਪ ਵਿਚ ਬਿਆਨ ਕੀਤਾ ਹੈ ਕਿ ਦੇਖਣ ਨੂੰ ਮੋਹਣੀ ਲੱਗਦੀ ਮਾਇਆ ਨੇ ਸਾਰੇ ਜਗਤ ਨੂੰ ਬਿਨ੍ਹਾਂ ਦੰਦਾਂ ਤੋਂ ਹੀ ਖਾ ਲਿਆ ਹੈ। ਮਨਮੁਖ ਸਦਾ ਮਾਇਆ ਦਾ ਸ਼ਿਕਾਰ ਹੁੰਦਾ ਹੈ। ਗੁਰੂ ਜੀ ਫੁਰਮਾਉਂਦੇ ਹਨ:

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥
ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥[35]

ਮਨੁੱਖ ਇੰਨਾਂ ਮੂਰਖ ਹੈ ਕਿ ਮਾਇਆ ਪਿਛੇ ਲਗ ਕੇ ਆਪਣੇ ਮੂਲ ਤੱਕ ਭੁਲਾ ਦਿੰਦਾ ਹੈ।[36] ਸੰਸਾਰ ਦੇ ਵਿਸ਼ੇ ਵਿਕਾਰ ਸਭ ਮਾਇਆ ਦੇ ਰੂਪ ਹਨ। ਮਨੁੱਖ ਇਨ੍ਹਾਂ ਵਿਸ਼ਿਆਂ ਵਿੱਚ ਖਚਿਤ ਹੈ ਅਤੇ ਜੀਵਨ ਦਾ ਸਮਾਂ ਵਿਅਰਥ ਗਵਾ ਰਿਹਾ ਹੈ। ਗੁਰੂ ਸਾਹਿਬ ਸੁਚੇਤ ਕਰਦੇ ਹੋਏ ਕਹਿੰਦੇ ਹਨ:

(ੳ) ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸ॥[37]
(ਅ) ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥[38]

ਧਨ, ਦੌਲਤ ਅਤੇ ਸਾਕ ਸੰਬੰਧੀ ਸਭ ਮਾਇਆ ਰੂਪੀ ਸੰਕੇਤ ਕੀਤੇ ਹਨ, ਜਿਸ ਨੂੰ ਮਨੁੱਖ ਆਪਣਾ ਸਦੀਵੀ ਸੁੱਖ ਸਮਝ ਬੈਠਦਾ ਹੈ, ਪਰ ਇਹ ਮਾਇਆ ਦੇ ਰੂਪ ਉਸ ਦਾ ਸਾਥ ਨਿਭਾਉਣ ਵਾਲੇ ਨਹੀਂ ਹਨ।[39] ਅਹੰਕਾਰ ਵੀ ਮਾਇਆ ਦਾ ਰੂਪ ਹੈ। ਮਨੁੱਖ ਬਾਲ, ਜੁਆਨੀ, ਸੁੰਦਰ ਦੇਹ, ਫੋਕੀ ਵਿਦਿਆ, ਤੀਰਥਾਂ 'ਤੇ ਜਾਣ ਅਤੇ ਵੱਡਾ ਦਾਨੀ ਹੋਣ ਦਾ ਅਹੰਕਾਰ ਕਰਦਾ ਹੈ ਪਰ ਇਹ ਅਹੰਕਾਰ ਰੂਪੀ ਮਾਇਆ ਪ੍ਰਭੂ ਬੰਦਗੀ ਤੋਂ ਦੂਰ ਕਰਦੀ ਹੈ। ਇਸ ਤਰ੍ਹਾਂ ਜੀਵ ਮਨੁੱਖਾ ਜਨਮ ਗਵਾ ਬੈਠਦਾ ਹੈ। ਗੁਰੂ ਜੀ ਫੁਰਮਾਉਂਦੇ ਹਨ:

(ੳ) ਗਰੁਬ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ॥[40]
(ਅ) ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥[41]

ਗੁਰੂ ਤੇਗ਼ ਬਹਾਦਰ ਜੀ ਮਨੁੱਖ ਨੂੰ ਮਾਇਆ ਦੇ ਵੱਖ-ਵੱਖ ਰੂਪ ਦੱਸ ਕੇ ਸਮਝਾ ਰਹੇ ਹਨ ਕਿ ਆਪਣੇ ਕੀਮਤੀ ਜੀਵਨ ਨੂੰ ਮਾਇਆ ਪਾਸੇ ਲਾ ਕੇ ਬਰਬਾਦ ਕਰਨ ਦੀ ਬਜਾਏ ਰਾਮ ਸਿਮਰਨ ਕਰੇ। ਰਾਮ ਸਿਮਰਨ ਹੀ ਅੰਤ ਵਿੱਚ ਸਹਾਈ ਹੋਵੇਗਾ। ਮਾਇਆ ਦੇ ਸਾਰੇ ਰੂਪ ਹੀ ਨਾਸ਼ਵਾਨ ਹਨ। ਸਿਰਫ ਸਦਾ ਸੱਚ ਸਥਿਰ ਰਹਿਣ ਵਾਲਾ ਇੱਕ ਰਾਮ ਹੈ।

**ਮੁਕਤੀ:** ਜਿਸ ਨੇ ਅਗਿਆਨ ਬੰਧਨ ਤੋਂ ਛੁਟਕਾਰਾ ਪਾਇਆ ਹੈ,ਉਹ ਮੁਕਤ ਹੈ।[42] ਭ੍ਰਮ-ਮੂਲਕ ਰਸਮਾਂ ਅਤੇ ਅਗਿਆਨ ਕਲਪਿਤ ਬੰਧਨਾਂ ਤੋ ਛੁਟਕਾਰੇ ਦਾ ਨਾਉਂ ਮੁਕਤੀ ਹੈ, ਜਿਸ ਦੀ ਪ੍ਰਾਪਤੀ ਗੁਰੂ ਉਪਦੇਸ਼ ਦੇ ਵਿਚਾਰ ਤੋਂ ਸਤਜ ਗਿਆਨ ਨਾਲ ਹੋਈ ਹੈ।[43] ਭਾਵ ਜਦੋਂ ਆਵਾਗਣ ਦੇ ਚੱਕਰਾਂ ਤੋਂ ਮੁਕਤ ਹੋ ਕੇ ਬ੍ਰਹਮ ਨਾਲ ਅਭੇਦ ਹੋ ਜਾਂਦਾ ਹੈ ਤਾਂ ਉਹ ਮੁਕਤ ਹੋ ਜਾਂਦਾ ਹੈ। ਅਦ੍ਵੈਤਵਾਦੀ ਸ਼ੰਕਰ ਅਨੁਸਾਰ ਜੀਵ ਅਤੇ ਬ੍ਰਹਮ ਇਕ ਹਨ, ਪਰ ਜਦੋਂ ਮਨੁੱਖ ਆਪਣੀ ਬੁੱਧੀ ਅਤੇ ਅਗਿਆਨਤਾ ਕਰ ਕੇ ਆਪਣੇ ਆਪ ਨੂੰ ਬ੍ਰਹਮ ਤੋਂ ਵੱਖਰਾ ਸਮਝਦਾ ਹੈ ਤਾਂ ਹੀ ਜਨਮ ਮਰਨ ਦੇ ਚੱਕਰਾਂ ਵਿੱਚ ਪਿਆ ਰਹਿੰਦਾ ਹੈ। ਜਦੋਂ ਅਵਿੱਦਿਆ ਦੂਰ ਹੋ ਜਾਂਦੀ ਹੈ ਤਾਂ ਵਿਦਿਆ/ਗਿਆਨ ਰਾਹੀਂ ਬ੍ਰਹਮ ਵਿੱਚ ਲੀਨ ਹੋ ਜਾਂਦਾ ਹੈ।[44] ਯੋਗ ਦਰਸ਼ਨ ਅੱਠ ਅੰਗ (ਅਸ਼ਟਾਯੋਗ) ਮੁਕਤੀ ਦਾ ਸਾਧਨ ਦੱਸਦਾ ਹੈ। (ਅਸ਼ਟਾਯੋਗ ਦੇ ਅੰਗ: ਯਮ, ਨਿਯਮ, ਆਸਨ, ਪ੍ਰਾਣਯਾਮ, ਪ੍ਰਤਿਆਹਾਰ, ਧਾਰਨਾ, ਧਿਆਨ, ਸਮਾਧੀ)[45] ਮੀਮਾਸਕਾਂ ਦਾ ਕਹਿਣਾ ਹੈ ਕਿ ਵਿਅਕਤੀ ਜਨਮ-ਮਰਨ ਤੋਂ ਛੁਟਕਾਰਾ ਨਹੀਂ ਪਾ ਸਕਦਾ ਪਰ ਵੇਦ ਵਿਆਸ ਨਿਸ਼ਕਾਮ ਭਾਵਨਾ ਨਾਲ ਯੱਗ ਆਦਿ ਵੈਦਿਕ ਕਰਮਾਂ ਨੂੰ ਮੁਕਤੀ ਦਾ ਸਾਧਨ ਮੰਨਦਾ ਹੈ।[46] ਰਾਮਾਨੁਜ ਈਸ਼ਵਰ ਦੀ ਮਿਹਰ ਪ੍ਰਾਪਤ ਕਰਨ ਲਈ ਵੇਦਾਂ ਵਿੱਚ ਦੱਸੇ ਯੱਗ ਅਤੇ ਦੈਵੀ ਕਰਮ ਕਰ ਕੇ ਮੁਕਤੀ ਪ੍ਰਾਪਤ ਕਰਨਾ ਲੋਚਦਾ ਹੈ।[47] ਗੁਰਮਤਿ ਸਾਹਿਤ ਵਿੱਚ ਸਪੱਸ਼ਟ ਹੈ ਕਿ ਮਨੁੱਖਾ ਜਨਮ ਹੀ ਮੁਕਤੀ ਯੋਗ ਹੈ। ਮਨੁੱਖ ਕਈ ਜੂਨਾਂ ਭੁਗਤਦਾ ਹੈ ਫਿਰ ਹੀ ਇਹ ਮਨੁੱਖੀ ਜੂਨ ਮਿਲਦੀ ਹੈ।ਮਨੁੱਖੀ ਦੇਹ ਜਨਮ ਜਨਮਾਤਰਾਂ ਦੀ ਭਟਕਣ ਤੋਂ ਛੁਟਕਾਰਾ, ਮੌਤ ਦੇ ਡਰ ਦਾ ਵਿਨਾਸ਼ ਅਤੇ ਨਿਰਭੈ ਪ੍ਰਭੂ ਵਿੱਚ ਨਿਵਾਸ ਪ੍ਰਾਪਤੀ ਮੁਕਤੀ ਦੀ ਅਵਸਥਾ ਹੈ ਅਤੇ ਕੇਵਲ ਹਰੀ ਨਾਮ ਹੀ ਮੁਕਤੀ ਦਾ ਸਾਧਨ ਹੈ:

(ੳ) ਜਨਮ ਜਨਮ ਭਰਮਤ ਫਿਰਿਓ ਮਿਟਿਓ ਨਾ ਜਮ ਕੋ ਤ੍ਰਾਸ॥
ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ॥[48]
(ਅ) ਪ੍ਰਾਨੀ ਰਾਮ ਨ ਚੇਤਈ ਮਦ ਮਾਇਆ ਕੈ ਅੰਧੁ॥
ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ॥[49]

ਗੁਰੂ ਤੇਗ਼ ਬਹਾਦਰ ਜੀ ਜੀਵ ਦੀ ਬ੍ਰਹਮ ਨਾਲ ਅਭੇਦਤਾ ਲਈ ਜੀਵ-ਬੂੰਦ ਅਤੇ ਗੋਬਿੰਦ-ਸਾਗਰ ਵਿੱਚ ਲੀਨਤਾ ਸਰੂਪ ਨੂੰ ਮੁਕਤੀ

ਕਹਿੰਦੇ ਹਨ। ਇਸ ਅਵਸਥਾ ਵਿੱਚ ਸਾਰੇ ਦ੍ਵੈਤਵਾਦੀ ਵਿਚਾਰ ਮੁਕਤ ਹੋ ਜਾਂਦੇ ਹਨ।

(ੳ) ਜੋ ਪ੍ਰਾਨੀ ਨਿਸਦਿਨ ਭਜੈ ਰੂਪ ਰਾਮ ਤਿਹ ਜਾਨ॥
ਹਰਿ ਜਨ ਹਰਿ ਅੰਤਰ ਨਹੀ ਨਾਨਕ ਸਾਚੀ ਮਾਨੁ॥[50]

ਪਰ ਜਦੋਂ ਪਰਮਾਤਮਾ ਦੀ ਨਦਰ ਨਾਲ ਜੀਵ ਮੁਕਤੀ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਬ੍ਰਹਮ ਸਰੂਪ ਨਿਰਮਲ ਹੋ ਜਾਂਦਾ ਹੈ। ਇਸ ਅਵਸਥਾ ਵਿਚ ਸੁੱਖ-ਦੁੱਖ, ਉਸਤੁਤ-ਨਿੰਦਿਆ, ਸੋਨੇ-ਲੋਹੇ ਵਿੱਚ ਅੰਤਰ ਨਹੀਂ ਰਹਿੰਦਾ ਅਤੇ ਉਹ ਹਉਮੈ ਮੁਕਤ ਹੋ ਜਾਂਦਾ ਹੈ। ਗੁਰੂ ਤੇਗ਼ ਬਹਾਦਰ ਜੀ ਫੁਰਮਾਉਂਦੇ ਹਨ:

(ੳ) ਜਿਹ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ॥
ਕਹੁ ਨਾਨਕ ਵਹੁ ਮੁਕਤ ਨਰੁ ਇਹ ਮਨ ਸਾਚੀ ਮਾਨ॥[51]
(ਅ) ਉਸਤਤਿ ਨਿੰਦਿਆ ਨਾਹਿ ਜਿਹ ਕੰਚਨ ਲੋਹ ਸਮਾਨਿ॥
ਕਹੁ ਨਾਨਕ ਸੁਨੁ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥[52]

ਬਿਖਿਆ ਰੂਪੀ ਵਿਸ਼ੇ ਵਾਸਨਾ ਰਹਿਤ ਅਤੇ ਮੁਕਤ ਵਿਅਕਤੀ ਇਸ ਜਗਤ ਰੂਪੀ ਭਵਸਾਗਰ ਤੋਂ ਪਾਰ ਹੁੰਦਾ ਹੈ ਅਤੇ ਦੂਜਿਆਂ ਨੂੰ ਵੀ ਪਾਰ ਉਤਾਰਦਾ ਹੈ। ਅਜਿਹਾ ਮੁਕਤ ਜਨੁ ਭਗਵਾਨ ਰੂਪ ਹੋ ਜਾਂਦਾ ਹੈ:

(ੳ) ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ॥[53]
(ਅ) ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ॥
ਤਿਹ ਨਰ ਹਰਿ ਅੰਤਰ ਨਹੀ ਨਾਨਕ ਸਾਚੀ ਮਾਨੁ॥[54]

ਗੁਰੂ ਤੇਗ਼ ਬਹਾਦਰ ਸਾਹਿਬ ਦੇ ਸਲੋਕਾਂ ਦਾ ਅਧਿਐਨ ਕਰਨ ਉਪਰੰਤ ਇਹ ਨਤੀਜਾ ਨਿਕਲਦਾ ਹੈ ਕਿ ਵੈਰਾਗਮਈ ਸੁਰ ਰਾਹੀਂ ਗੁਰੂ ਸਾਹਿਬ ਮਨੁੱਖ ਨੂੰ ਆਪਣੇ ਪੂਰੇ ਜੀਵਨ ਕਾਲ ਵਿੱਚ ਸੰਸਾਰ ਵਿੱਚ ਰਹਿ ਕੇ ਪਰਮਾਤਮਾ ਦੀ ਬੰਦਗੀ ਕਰਨ ਵੱਲ ਜ਼ੋਰ ਦਿੰਦੇ ਹਨ। ਸਲੋਕਾਂ ਵਿੱਚ ਸਿਮਰਨ ਅਤੇ ਸਾਧ ਸੰਗਤਿ ਦੀ ਮਹੱਤਤਾ ਨੂੰ ਬਰਕਰਾਰ ਰੱਖਿਆ ਹੈ। ਬਾਰ-ਬਾਰ ਨਾਸ਼ਵਾਨਤਾ ਦਰਸਾਉਣ ਕਾਰਨ ਕਈ ਵਿਦਵਾਨ ਆਪ ਦੀ ਬਾਣੀ ਨੂੰ 'ਨਿਰਾਸ਼ਾਵਾਦੀ ਸੁਰ' ਦੀ ਬਾਣੀ ਕਹਿੰਦੇ ਹਨ। ਪਰ ਗੁਰੂ ਤੇਗ਼ ਬਹਾਦਰ ਜੀ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥[55] ਦੇ ਸਿਧਾਂਤ 'ਤੇ ਪਰਪੱਕ ਹਨ। ਇਹ ਬਾਣੀ ਨਿਰਾਸ਼ਾਵਾਦੀ ਨਹੀਂ ਸਗੋਂ ਮਨੁੱਖ ਨੂੰ ਸ੍ਵੈ-ਮਾਨ ਵਾਲਾ ਜੀਵਨ ਜਿਊਣਾ ਸਿਖਾਉਂਦੀ ਹੈ। ਸੰਸਾਰਿਕ ਨਾਸ਼ਵਾਨਤਾ ਦੀ ਸਚਾਈ ਦੱਸ ਕੇ ਪਰਮਾਤਮਾ ਵੱਲ ਲਗਾਉਣਾ ਤਾਂ ਕਿ ਮਨੁੱਖੀ ਦੇਹ ਬੰਦ ਖਲਾਸੀ ਪਾ ਸਕੇ। ਇਉਂ ਇਹ ਬਾਣੀ ਨਿਰਾਸ਼ਾਵਾਦੀ ਨਹੀਂ ਕਹੀ ਜਾ ਸਕਦੀ।

ਗੁਰੂ ਤੇਗ਼ ਬਹਾਦਰ ਜੀ ਦੇ ਸਲੋਕਾਂ ਵਿੱਚ ਦਿੱਤੀ ਸਿੱਖਿਆ ਦਾ ਅਸਰ ਇਹ ਹੋਇਆ ਕਿ ਅਨੇਕਾਂ ਤਿਆਗੀ ਸਿੱਖਾਂ ਨੇ ਆਪਣਾ ਸਭ ਕੁਝ ਸਿੱਖ ਕੌਮ ਲਈ ਨਿਛਾਵਰ ਕਰ ਦਿੱਤਾ ਅਤੇ ਉਨ੍ਹਾਂ ਬੇ-ਮਿਸਾਲ ਕੁਰਬਾਨੀਆਂ ਦਿੱਤੀਆਂ।[56] ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਸਾਜਣਾ, ਸਰਬੰਸ ਵਾਰਨਾ, ਬੰਦਾ ਬਹਾਦਰ ਦਾ ਸਿੱਖ ਰਾਜ, ਮਨੀ ਸਿੰਘ ਜੀ ਅਤੇ ਭਾਈ ਤਾਰੂ ਸਿੰਘ ਵਰਗੇ ਸ਼ਹੀਦਾਂ ਦਾ ਦੌਰ ਸ਼ੁਰੂ ਹੋਇਆ। ਇਨ੍ਹਾਂ ਵਿੱਚ ਹੀ ਗੁਰੂ ਸਾਹਿਬ ਦੇ ਸਲੋਕਾਂ ਦੀ ਪਰਪੱਕਤਾ ਨਜ਼ਰ ਆਉਂਦੀ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਦਾਰਸ਼ਨਿਕ ਵਿਚਾਰਧਾਰਾ ਸਰਬਕਾਲੀਹੈ ਜੋ ਮਨੁੱਖ ਨੂੰ ਪਰਮ ਸੱਚ ਨਾਲ ਜੋੜ ਕੇ ਆਦਰਸ਼ਵਾਦੀ ਜੀਵਨ ਜਿਊਣ ਲਈ ਪ੍ਰੇਰਿਤ ਕਰਦੀ ਰਹੇਗੀ।

## ਹਵਾਲੇ


1. ਸਤਿਬੀਰ ਸਿੰਘ, ਸਾਡਾ ਇਤਿਹਾਸ (ਦਸਾਂ ਪਾਤਸ਼ਾਹੀਆਂ), ਨਿਊ ਬੁੱਕ ਕੰਪਨੀ, ਜਲੰਧਰ, 1991, ਪੰਨਾ 308.
2. ਦਸਮ ਗ੍ਰੰਥ, ਬਚਿਤ੍ਰ ਨਾਟਕ, ਅਧਿ. 5, ਛੰਦ 14.
3. ਜਗਬੀਰ ਸਿੰਘ ਆਹਲੂਵਾਲੀਆ, ਸਿੱਖ ਫ਼ਲਸਫੇ ਦੀ ਭੂਮਿਕਾ, ਰਘਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ, 1976, ਪੰਨਾ 15.
4. ਖਟੁ ਦਰਸਨ ਭ੍ਰਮਤੇ ਫਿਰਹਿ ਨਹ ਮਿਲੀਐ ਭੇਖੰ (ਗੁਰੂ ਗ੍ਰੰਥ ਸਾਹਿਬ, ਪੰਨਾ 1099.)
5. ਗੁਰੂ ਗ੍ਰੰਥ ਸਾਹਿਬ, ਪੰਨਾ 56.
6. ਮਨਮੋਹਨ ਸਿੰਘ, ਗੁਰਮਤਿ ਕਾਵਿ ਅਤੇ ਭਗਤੀਧਾਰਾ, ਮਨਪ੍ਰੀਤ ਪ੍ਰਕਾਸ਼ਨ, ਨਵੀਂ ਦਿੱਲੀ, 1981, ਪੰਨਾ 18.
7. ਸਾਂਤੀਨਾਥ ਗੁਪਤਾ, ਭਾਰਤੀ ਦਰਸ਼ਨ, ਪੰਜਾਬ ਸਟੇਟ ਯੂਨੀਵਰਸਿਟੀ ਟਰੈਕਟ ਬੁਕ ਬੋਰਡ, ਚੰਡੀਗੜ੍ਹ, 1979, ਪੰਨਾ 218.
8. राधा कृष्णन, भारतीय दर्शन, (अनुवादक : नन्द किशोर गोयिल), राजपाल एण्ड सन्ज, दिल्ली, 2004, पन्ना 604.
9. ਸਾਂਤੀਨਾਥ ਗੁਪਤਾ, ਭਾਰਤੀ ਦਰਸ਼ਨ, ਪੰਨਾ 247.
10. (ੳ) ਜਿਹ ਪ੍ਰਾਨੀ ਹਉਮੈ ਤਜੀ ਕਰਤਾ ਰਾਮ ਪਛਾਨਿ॥
(ਗੁਰੂ ਗ੍ਰੰਥ ਸਾਹਿਬ, ਪੰਨਾ 1427.)
(ਅ) ਪਾਂਚ ਤਤ ਕੋ ਤਨ ਰਚਿਉ ਜਾਨਹੁ ਚੁਤਰ ਸੁਜਾਨ॥
(ਗੁਰੂ ਗ੍ਰੰਥ ਸਾਹਿਬ,ਪੰਨਾ 1427)
11. ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ॥ ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ॥
(ਗੁਰੂ ਗ੍ਰੰਥ ਸਾਹਿਬ,ਪੰਨਾ 1427)
12. ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ॥
(ਗੁਰੂ ਗ੍ਰੰਥ ਸਾਹਿਬ, ਪੰਨਾ 1426)
13. ਗੁਰੂ ਗ੍ਰੰਥ ਸਾਹਿਬ, ਪੰਨਾ 1428

14. ਗੁਰੂ ਗ੍ਰੰਥ ਸਾਹਿਬ, ਪੰਨਾ 1426
15. ਗੁਰੂ ਗ੍ਰੰਥ ਸਾਹਿਬ, ਪੰਨਾ 1426
16. ਗੁਰੂ ਗ੍ਰੰਥ ਸਾਹਿਬ, ਪੰਨਾ 1429
17. ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥
(ਗੁਰੂ ਗ੍ਰੰਥ ਸਾਹਿਬ, ਪੰਨਾ 1429)
18. ਗੁਰੂ ਗ੍ਰੰਥ ਸਾਹਿਬ, ਪੰਨਾ 1427
19. ਡਾ. ਮਨਮੋਹਨ ਸਿੰਘ,ਗੁਰੂ ਤੇਗ਼ ਬਹਾਦਰ ਜੀ ਦਾ ਦਾਰਸ਼ਨਿਕ ਚਿੰਤਨ, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1975, ਪੰਨਾ. 41
20. ਗੁਰੂ ਗ੍ਰੰਥ ਸਾਹਿਬ, ਪੰਨਾ 1428
21. ਗੁਰੂ ਗ੍ਰੰਥ ਸਾਹਿਬ, ਪੰਨਾ 1428
22. ਗੁਰੂ ਗ੍ਰੰਥ ਸਾਹਿਬ, ਪੰਨਾ 156
23. ਗੁਰੂ ਗ੍ਰੰਥ ਸਾਹਿਬ, ਪੰਨਾ 1426
24. ਗੁਰੂ ਗ੍ਰੰਥ ਸਾਹਿਬ, ਪੰਨਾ 1427
25. ਗੁਰੂ ਗ੍ਰੰਥ ਸਾਹਿਬ,ਪੰਨਾ 1429
26. ਡਾ. ਭਾਰਤਬੀਰ ਕੌਰ, ਸੰਧੂ, ਸ੍ਰੀ ਗੁਰੂ ਤੇਗ਼ ਬਹਾਦਰ ਬਾਣੀ ਦਾ ਚਿਹਨ ਪ੍ਰਬੰਧ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010, ਪੰਨਾ 58.
27. ਗੁਰੂ ਗ੍ਰੰਥ ਸਾਹਿਬ, ਪੰਨਾ 1426
28. ਗੁਰੂ ਗ੍ਰੰਥ ਸਾਹਿਬ, ਪੰਨਾ 1427
29. ਗੁਰੂ ਗ੍ਰੰਥ ਸਾਹਿਬ, ਪੰਨਾ 1427
30. ਕਹੁ ਨਾਨਕ ਨਰ ਬਾਵਰੇ ਕਿਉ ਨ ਭਜਹਿ ਭਗਵਾਨੁ॥
(ਗੁਰੂ ਗ੍ਰੰਥ ਸਾਹਿਬ, ਪੰਨਾ 1426)
31. ਗੁਰੂ ਗ੍ਰੰਥ ਸਾਹਿਬ, ਪੰਨਾ 1428
32. ਗੁਰੂ ਗ੍ਰੰਥ ਸਾਹਿਬ, ਪੰਨਾ 1427
33. ਡਾ. ਆਰ.ਡੀ. ਨਿਰਾਕਾਰੀ, ਭਾਰਤੀ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਰਸਿਟੀ ਪਟਿਆਲਾ, 1994, ਪੰਨਾ 258.
34. ਡਾ. ਮਨਮੋਹਨ ਸਿੰਘ, ਗੁਰੂ ਤੇਗ਼ ਬਹਾਦਰ ਜੀ ਦਾ ਦਾਰਸ਼ਨਿਕ ਚਿੰਤਨ, ਪੰਨਾ 82
35. ਗੁਰੂ ਗ੍ਰੰਥ ਸਾਹਿਬ, ਪੰਨਾ 643
36. ਪ੍ਰਾਨੀ ਕਛੂ ਨ ਚੇਤਈ ਮਦ ਮਾਇਆ ਕੇ ਅੰਧੁ॥
(ਗੁਰੂ ਗ੍ਰੰਥ ਸਾਹਿਬ, ਪੰਨਾ 1427)
37. ਗੁਰੂ ਗ੍ਰੰਥ ਸਾਹਿਬ, ਪੰਨਾ 1427
38. ਗੁਰੂ ਗ੍ਰੰਥ ਸਾਹਿਬ, ਪੰਨਾ 1427
39. ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ॥
ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ॥
(ਗੁਰੂ ਗ੍ਰੰਥ ਸਾਹਿਬ, ਪੰਨਾ 1426)
40. ਗੁਰੂ ਗ੍ਰੰਥ ਸਾਹਿਬ, ਪੰਨਾ 1428
41. ਗੁਰੂ ਗ੍ਰੰਥ ਸਾਹਿਬ, ਪੰਨਾ 1428
42. ਭਾਈ ਕਾਨ੍ਹ ਸਿੰਘ ਨਾਭਾ, ਗੁਰੁਮਤ ਮਾਰਤੰਡ, ਭਾਗ-ਦੂਜਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2008, ਪੰਨਾ 775.
43. ਗੁਰੂ ਗ੍ਰੰਥ ਸਾਹਿਬ, ਪੰਨਾ 1428
44. ਡਾ. ਆਰ.ਡੀ. ਨਿਰਾਕਾਰੀ, ਭਾਰਤੀ ਦਰਸ਼ਨ,ਪੰਨਾ 206
45. ਗੁਰੂ ਗ੍ਰੰਥ ਸਾਹਿਬ, ਪੰਨੇ 223-31
46. ਗੁਰੂ ਗ੍ਰੰਥ ਸਾਹਿਬ, ਪੰਨਾ 240
47. ਗੁਰੂ ਗ੍ਰੰਥ ਸਾਹਿਬ, ਪੰਨਾ 305
48. ਗੁਰੂ ਗ੍ਰੰਥ ਸਾਹਿਬ, ਪੰਨੇ 1427-28
49. ਗੁਰੂ ਗ੍ਰੰਥ ਸਾਹਿਬ, ਪੰਨਾ 1427
50. ਗੁਰੂ ਗ੍ਰੰਥ ਸਾਹਿਬ, ਪੰਨਾ 1427
51. ਗੁਰੂ ਗ੍ਰੰਥ ਸਾਹਿਬ, ਪੰਨਾ 1426
52. ਗੁਰੂ ਗ੍ਰੰਥ ਸਾਹਿਬ, ਪੰਨੇ 1426-27
53. ਗੁਰੂ ਗ੍ਰੰਥ ਸਾਹਿਬ, ਪੰਨਾ 1427
54. ਗੁਰੂ ਗ੍ਰੰਥ ਸਾਹਿਬ, ਪੰਨਾ 1428
55. ਗੁਰੂ ਗ੍ਰੰਥ ਸਾਹਿਬ, ਪੰਨਾ 1427.
56. ਬਿਕਰਮ ਸਿੰਘ ਘੁੰਮਣ, ਗੁਰੂ ਤੇਗ਼ ਬਹਾਦਰ ਜੀ, ਜੀਵਨ, ਚਿੰਤਨ ਤੇ ਬਾਣੀ, ਵਾਰਿਸ਼ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2002, ਪੰਨਾ 59.

* * * * *